

# ਸਰੀ ਸਕੂਲ ਨਾਲ ਰਜਿਸਟਰ ਹੋਣਾ

ਸਰੀ ਸਕੂਲ ਡਿਸਟ੍ਰਿਕਟ ਵਿੱਚ ਜੀ ਆਇਆਂ ਨੂੰ! ਤੁਹਾਡੇ ਬੱਚੇ ਦਾ ਆਪਣੇ ਸਕੂਲ ਵਿੱਚ ਸਵਾਗਤ ਕਰਦਿਆਂ ਸਾਨੂੰ ਖੁਸ਼ੀ ਹੋ ਰਹੀ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਉਹ ਛੇਤੀ ਤੋਂ ਛੇਤੀ ਕਲਾਸ ਵਿੱਚ ਸ਼ਾਮਲ ਹੋ ਕੇ ਪੜ੍ਹਾਈ ਕਰਨੀ ਸ਼ੁਰੂ ਕਰੇ।

**ਅਸੀਂ ਨਿਆਂ, ਸੱਚਾਈ, ਸੁਲਾਹ ਅਤੇ ਢਾਂਚਾਗਤ ਰੁਕਾਵਟਾਂ ਨੂੰ ਖਤਮ ਕਰਨ ਲਈ ਪ੍ਰਤੀਬੱਧ ਹਾਂ ਤਾਂ ਜੋ ਤੁਹਾਨੂੰ ਰਜਿਸਟਰ ਹੋਣ ਵਿੱਚ ਕੋਈ ਮੁਸ਼ਕਿਲ ਨਾ ਆਏ।**

## ਮੈਂ ਕਦੋਂ ਅਤੇ ਕਿਵੇਂ ਰਜਿਸਟਰ ਹੋ ਸਕਦਾ/ਸਕਦੀ ਹਾਂ?

ਬੀ ਸੀ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਆਪਣੇ ਬੱਚੇ ਨੂੰ ਸਾਡੇ ਸਕੂਲ ਵਿੱਚ ਦਾਖਲ ਕਰਾ ਸਕਦਾ ਹੈ। surreyschools.ca 'ਤੇ ਸੰਤਰੀ ਰੰਗ ਦਾ 'ਰਜਿਸਟਰ ਟੂਡੇ' ਬਟਨ ਕਲਿੱਕ ਕਰ ਕੇ ਸਾਰੇ ਸਾਲ ਦੌਰਾਨ ਰਜਿਸਟਰ ਹੋਇਆ ਜਾ ਸਕਦਾ ਹੈ ਜਾਂ ਤੁਸੀਂ ਇਸ ਫੈਕਟ ਸ਼ੀਟ 'ਤੇ ਦਿੱਤੀ ਕਿਊ ਆਰ ਕੋਡ ਸਕੈਨ ਕਰ ਸਕਦੇ ਹੋ। ਜੇ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਤੁਹਾਡੇ ਇਲਾਕੇ ਦੇ ਸਕੂਲ ਦਾ ਸਟਾਫ ਇਸ ਅਮਲ ਵਿੱਚ ਤੁਹਾਨੂੰ ਸੇਧ ਦੇ ਸਕਦਾ ਹੈ। ਤੁਸੀਂ ਆਪਣੇ ਇਲਾਕੇ ਦੇ ਸਕੂਲ ਦਾ ਪਤਾ ਲਾਉਣ ਲਈ ਸਾਡੇ ਵੈੱਬਸਾਈਟ 'ਤੇ ਦਿੱਤੇ ਸਕੂਲ ਲੋਕੇਟਰ ਟੂਲ ਦੀ ਵਰਤੋਂ ਕਰ ਸਕਦੇ ਹੋ।

ਜੇ ਤੁਹਾਨੂੰ ਅੰਗਰੇਜ਼ੀ ਤੋਂ ਬਿਨਾਂ ਕਿਸੇ ਹੋਰ ਬੋਲੀ ਵਿੱਚ ਮਦਦ ਦੀ ਲੋੜ ਹੋਵੇ, ਤਾਂ ਸਾਡੇ ਵੈੱਬਸਾਈਟ ਦੇ ਸਿਖਰ 'ਤੇ "ਅਨੁਵਾਦ" ਦੀ ਚੋਣ ਹੈ ਜਾਂ ਤੁਹਾਡਾ ਸਕੂਲ ਤੁਹਾਡੀ ਮਦਦ ਲਈ ਸਾਡੇ ਵੈਲਕਮ ਸੈਂਟਰ ਤੋਂ ਕਿਸੇ ਸਟਾਫ ਮੈਂਬਰ ਦਾ ਪ੍ਰਬੰਧ ਕਰ ਸਕਦਾ ਹੈ। ਸਾਡੇ ਵੈਲਕਮ ਸੈਂਟਰ ਦਾ ਸਟਾਫ ਕਈ ਬੋਲੀਆਂ ਵਿੱਚ ਮਦਦ ਕਰ ਸਕਦਾ ਹੈ ਜਿਹਨਾਂ ਵਿੱਚ ਪੰਜਾਬੀ, ਚੀਨੀ, ਅਰਬੀ, ਟੈਗਲੌਗ, ਸਪੇਨੀ, ਕੋਰੀਅਨ ਅਤੇ ਹੋਰ ਬੋਲੀਆਂ ਸ਼ਾਮਲ ਹਨ।




ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਜਾਣਨ ਲਈ ਚਾਹੀਦੇ ਕਾਗਜ਼-ਪੱਤਰ:

**ਭਾਗ 1**

1. ਮਾਪੇ/ਕਾਨੂੰਨੀ ਗਾਰਡੀਅਨ ਦਾ ਫੋਟੋ ਵਾਲਾ ਪਛਾਣ ਪੱਤਰ (ਆਈ ਡੀ), ਜਿਵੇਂ ਡਰਾਈਵਿੰਗ ਲਾਇਸੰਸ, ਪਾਸਪੋਰਟ, ਬੀ ਸੀ ਸਰਵਿਸ ਦਾ ਫੋਟੋ ਵਾਲਾ ਕਾਰਡ ਜਾਂ ਬੀ ਸੀ ਦਾ ਫੋਟੋ ਵਾਲਾ ਆਈ ਡੀ ਕਾਰਡ।
2. ਕਾਨੂੰਨੀ ਗਾਰਡੀਅਨਸ਼ਿੱਪ ਦਾ ਸਬੂਤ (ਜਿਵੇਂ ਬੱਚੇ ਦੇ ਜਨਮ ਸਰਟੀਫਿਕੇਟ 'ਤੇ ਲਿਖਿਆ ਹੋਇਆ, ਜਾਂ ਹੋਰ ਕਾਨੂੰਨੀ ਕਾਗਜ਼-ਪੱਤਰ, ਜਿਵੇਂ ਲੈਂਡਿਡ ਇਮੀਗ੍ਰੈਂਟ ਦਾ ਕਾਗਜ਼ ਜਾਂ ਗਾਰਡੀਅਨ ਸ਼ਿੱਪ ਦਾ ਆਰਡਰ)।
3. ਬੱਚੇ ਦੀ ਜਨਮ ਤਰੀਕ ਦਾ ਸਬੂਤ, ਜਿਵੇਂ ਬੱਚੇ ਦਾ ਜਨਮ ਸਰਟੀਫਿਕੇਟ ਜਾਂ ਪਾਸਪੋਰਟ।

ਹੋਰ ਜਾਣਕਾਰੀ ਲਈ ਕਿਊ ਆਰ ਕੋਡ ਨੂੰ ਸਕੈਨ ਕਰੋ ਜਾਂ www.surreyschools.ca 'ਤੇ ਜਾਉ।

Surrey Schools
LEADERSHIP IN LEARNING




### ਭਾਗ 2

ਇਸ ਗੱਲ ਦਾ ਸਬੂਤ ਕਿ ਮਾਪਾ ਜਾਂ ਗਾਰਡੀਅਨ ਬੀ ਸੀ ਵਿਚ ਰਹਿੰਦਾ ਹੈ ਜਿਵੇਂ ਬੀ ਸੀ ਦਾ ਡਰਾਈਵਰ ਲਾਇਸੰਸ, ਬੀ ਸੀ ਸਰਵਿਸਜ਼ ਕਾਰਡ, ਬੀ ਸੀ ਆਈ ਡੀ ਕਾਰਡ, ਆਈ ਸੀ ਬੀ ਸੀ ਨਾਲ ਗੱਡੀ ਦੀ ਰਜਿਸਟਰੇਸ਼ਨ ਦੇ ਕਾਗਜ਼, ਜਾਂ ਸਰਕਾਰ ਵਲੋਂ ਜਾਰੀ ਕੀਤੇ ਗਏ ਹੋਰ ਕਾਗਜ਼-ਪੱਤਰ ਜਿਹਨਾਂ 'ਤੇ ਉਹਨਾਂ ਦੀ ਰਿਹਾਇਸ਼ ਦਾ ਪਤਾ ਹੋਵੇ।

**ਜੇ ਤੁਹਾਡੇ ਕੋਲ ਇਹ ਕਾਗਜ਼ ਨਹੀਂ ਹਨ, ਤਾਂ ਫਿਕਰ ਨਾ ਕਰੋ! ਤੁਹਾਡਾ ਸਕੂਲ ਇਸ ਦਾ ਹੱਲ ਲੱਭਣ ਲਈ ਤੁਹਾਡੇ ਨਾਲ ਕੰਮ ਕਰੇਗਾ।**

ਤੁਹਾਡੇ ਨਾਂ ਅਤੇ ਪਤੇ ਦੀ ਪੁਸ਼ਟੀ ਕਰਨ ਲਈ ਹੋਰ ਉਪਲਬਧ ਚੋਣਾਂ ਵਿਚ ਹੇਠ ਲਿਖਿਆਂ ਵਿੱਚੋਂ ਕੋਈ ਵੀ ਦੋ ਕਾਗਜ਼-ਪੱਤਰ:

- ਪ੍ਰਾਪਰਟੀ ਦੀ ਖ੍ਰੀਦ ਦਾ ਐਗਰੀਮੈਂਟ
- ਯੁਟਿਲਟੀ ਬਿੱਲ
- ਕਿਰਾਏ ਦਾ ਐਗਰੀਮੈਂਟ (ਜਾਂ ਲੈਂਡਲਾਰਡ ਵਲੋਂ ਚਿੱਠੀ)
- ਸਿਹਤ ਨਾਲ ਸੰਬੰਧਿਤ ਕਾਗਜ਼-ਪੱਤਰ (ਮੈਡੀਕਲ ਨਾਲ ਸੰਬੰਧਿਤ ਰਿਪੋਰਟਾਂ ਅਤੇ ਚਿੱਠੀਆਂ)
- ਡਾਕ ਰਾਹੀਂ ਆਈ ਚਿੱਠੀ, ਜਿਸ 'ਤੇ ਨਾਂ ਅਤੇ ਰਹਿਣ ਵਾਲੇ ਦਾ ਪਤਾ ਹੋਵੇ
- ਕੰਮ ਨਾਲ ਸੰਬੰਧਿਤ ਪੇ-ਸਲਿੱਪਾਂ
- ਬੈਂਕ ਦੀਆਂ ਸਟੇਟਮੈਂਟਾਂ
- ਕੰਮ-ਮਾਲਕ ਦੀ ਚਿੱਠੀ
- ਇਨਸ਼ੋਰੈਂਸ ਦੀਆਂ ਸਟੇਟਮੈਂਟਾਂ ਜਾਂ ਪਾਲਸੀਆਂ
- ਨੋਟਰੀ ਪਬਲਿਕ ਦੀ ਸਟੇਟਮੈਂਟ ਜਾਂ ਚਿੱਠੀ
- ਹੋਰ ਕਾਗਜ਼-ਪੱਤਰ ਜਿਹਨਾਂ ਵਿਚ ਰਹਿਣ ਵਾਲੇ ਦਾ ਨਾਂ ਅਤੇ ਪਤਾ ਲਿਖਿਆ ਹੋਵੇ

**ਇਹ ਮਹੱਤਵਪੂਰਨ ਹੈ ਕਿ ਬੱਚੇ ਸਕੂਲ ਵਿੱਚ ਹੋਣ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਜਿੰਨੀ ਛੇਤੀ ਹੋ ਸਕੇ ਉਨੀ ਛੇਤੀ ਕਲਾਸਾਂ ਵਿਚ ਹਿੱਸਾ ਲੈ ਸਕੇ, ਅਸੀਂ ਹਰ ਉਹ ਚੀਜ਼ ਕਰਾਂਗੇ, ਜੋ ਅਸੀਂ ਕਰ ਸਕਦੇ ਹਾਂ!**

ਬੀ ਸੀ ਦੀ ਸਰਕਾਰ ਬੇਨਤੀ ਕਰਦੀ ਹੈ ਕਿ ਬੀ ਸੀ ਵਿਚਲਾ ਹਰ ਵਿਦਿਆਰਥੀ ਵੈਕਸੀਨੇਸ਼ਨਾਂ ਨਾਲ ਸੰਬੰਧਿਤ ਆਪਣੀ ਸਥਿਤੀ (ਵੈਕਸੀਨੇਸ਼ਨ ਸਟੈਟਸ) ਦੀ ਰਿਪੋਰਟ ਕਰੇ। ਇਹ ਕਾਨੂੰਨ ਬੀਮਾਰੀਆਂ ਫੈਲਣ (ਆਊਟਬ੍ਰੇਕਸ) 'ਤੇ ਕੰਟਰੋਲ ਕਰਨ ਅਤੇ ਵਿਦਿਆਰਥੀਆਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਵਿੱਚ ਪਬਲਿਕ ਹੈਲਥ ਦੀ ਮਦਦ ਕਰਦਾ ਹੈ। ਵੈਕਸੀਨੇਸ਼ਨਾਂ ਨਾਲ ਸੰਬੰਧਿਤ ਆਪਣੀ ਸਥਿਤੀ (ਵੈਕਸੀਨੇਸ਼ਨ ਸਟੈਟਸ) ਬਾਰੇ ਰਿਪੋਰਟ ਕਰਨ ਨਾਲ ਸੰਬੰਧਿਤ ਕਾਨੂੰਨ ਬਾਰੇ ਹੋਰ ਜਾਣਕਾਰੀ ਲੈਣ ਲਈ immunizebc.ca/vaccination-status-reporting-regulation ਜਾਂ Fraserhealth.ca/immunizations 'ਤੇ ਜਾਉ।

ਸਕੂਲਾਂ ਵਿੱਚ ਕਾਮਯਾਬ ਤਬਾਦਲੇ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਐਜੂਕੇਸ਼ਨ ਟੀਮਾਂ ਨੂੰ ਵਿਦਿਆਰਥੀ ਦੀਆਂ ਵਿਲੱਖਣ ਅਤੇ ਵੰਨ-ਸੁਵੰਨੀਆਂ ਲੋੜਾਂ ਬਾਰੇ ਪਤਾ ਹੋਵੇ, ਅਸੀਂ ਮਾਪਿਆਂ ਅਤੇ ਗਾਰਡੀਅਨਜ਼ ਨੂੰ ਰਜਿਸਟਰ ਹੋਣ ਸਮੇਂ ਆਪਣੇ ਬੱਚੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਰਿਪੋਰਟਾਂ ਦੇ ਕਾਰਡ ਅਤੇ ਸਮਰਥਨ ਕਰਨ ਵਾਲੇ ਹੋਰ ਕਾਗਜ਼-ਪੱਤਰ ਹਮੇਸ਼ਾਂ ਹੀ ਮਦਦਗਾਰ ਹੁੰਦੇ ਹਨ।

### ਪ੍ਰਾਈਵੇਸੀ

ਵਿਦਿਆਰਥੀ ਜਾਂ ਮਾਪੇ ਬਾਰੇ ਫੈਡਰਲ ਸਰਕਾਰ ਦੇ ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ ਜਾਣਕਾਰੀ ਦੇਣਾ ਸਾਡੇ ਸਕੂਲ ਡਿਸਟ੍ਰਿਕਟ ਦਾ ਅਮਲ ਨਹੀਂ ਸਿਵਾਏ ਅਜਿਹੇ ਖਾਸ ਕੇਸ ਦੇ ਜਿੱਥੇ ਕਾਨੂੰਨ ਦੀ ਮੰਗ ਕਾਰਨ ਅਜਿਹਾ ਕਰਨਾ ਜ਼ਰੂਰੀ ਹੋਵੇ।